# ਇਕ ਧੀ ਵੱਲੋਂ ਪਿਓ ਨੂੰ ਯਾਦ ਕਰਦਿਆਂ

ਹਾਲਾਂਕਿ ਮੇਰੇ ਭਾਪਾ ਜੀ ਨੂੰ ਮੇਰੇ ਕੋਲੋਂ ਸਰੀਰਕ ਪੱਖੋਂ ਦੂਰ ਹੋਇਆਂ ਲਗਭਗ ਇਕ ਸਾਲ ਹੋ ਚੱਲਿਆ ਹੈ ਪਰ ਕਦੇ ਵੀ ਮੈਨੂੰ ਇਹ ਇਹਸਾਸ ਨਹੀਂ ਹੋਇਆ ਕਿ ਉਹ ਮੇਰੇ ਕੋਲੋਂ ਵਾਕਈ ਏਨੀ ਦੂਰ ਜਾ ਚੁੱਕੇ ਹਨ ਕਿਉਂਕਿ ਜਿੰਨਾ ਤੇਜ਼ ਉਨ੍ਹਾਂ ਦੇ ਮੂੰਹ ਉੱਤੇ ਜੀਉਂਦੇ ਜੀ ਸੀ, ਓਨਾ ਹੀ ਉਨ੍ਹਾਂ ਦੀ ਤਸਵੀਰ ਵਿੱਚੋਂ ਮੈਨੂੰ ਨਜ਼ਰ ਆਉਂਦਾ ਰਹਿੰਦਾ ਹੈ ਤੇ ਉਨ੍ਹਾਂ ਦੀਆਂ ਤਸਵੀਰ ਵਿਚਲੀਆਂ ਅੱਖਾਂ ਮੇਰੇ ਨਾਲ ਬੋਲਦੀਆਂ ਰਹਿੰਦੀਆਂ ਹਨ।

ਉਨ੍ਹਾਂ ਦੀ ਤਸਵੀਰ ਮੇਰੇ ਘਰ ਅੰਦਰ ਵੜਦੇ ਸਾਰ ਸਾਹਮਣੇ ਹੀ ਮੇਰੀ ਮੰਮੀ ਦੀ ਤਸਵੀਰ ਨਾਲ ਪਈ ਹੋਈ ਹੈ ਤੇ ਹਮੇਸ਼ਾ ਸਵਾਗਤ ਕਰਦੀ ਦਿਸਦੀ ਹੈ ਜਿਵੇਂ ਉਹ ਜੀਉਂਦੇ ਜੀ ਖਿੜੇ ਮੱਥੇ ਕਰਦੇ ਹੁੰਦੇ ਸਨ।

ਜਦੋਂ ਕੋਈ ਕੰਮ ਠੀਕ ਨਾ ਕਰ ਕੇ ਮੈਂ ਘਰ ਅੰਦਰ ਵੜਾਂ ਤਾਂ ਮੇਰਾ ਉਨ੍ਹਾਂ ਨਾਲ ਅੱਖਾਂ ਮਿਲਾਉਣ ਦਾ ਹੀਆ ਨਹੀਂ ਪੈਂਦਾ ਤੇ ਜਦੋਂ ਵਧੀਆ ਕੰਮ ਕਰ ਕੇ ਸਾਹਮਣੇ ਹੋਵਾਂ ਤਾਂ ਉਹ ਬਾਹਵਾਂ ਖਿਲਾਰੇ ਮੇਰੇ ਮੱਥੇ ਨੂੰ ਚੁੰਮਣ ਲਈ ਸਾਹਮਣੇ ਖੜੇ ਮਿਲ ਜਾਂਦੇ ਹਨ।

ਜਦੋਂ ਕੋਈ ਲੇਖ ਲਿਖਦੀ ਮੈਂ ਕਿਸੇ ਨੁਕਤੇ ਉੱਤੇ ਅੜ ਜਾਵਾਂ ਤਾਂ ਹਾਲੇ ਵੀ ਚੁਪ ਚੁਪੀਤੇ ਉਹ ਕਿਸੇ ਪਾਸਿਓਂ ਦਿਮਾਗ਼ ਅੰਦਰ ਜਾ ਕੇ ਗੁੰਝਲ ਹਲ ਕਰ ਦਿੰਦੇ ਹਨ।

ਇਸਤਰ੍ਹਾਂ ਦੀ ਅਗਵਾਈ ਨਾਲ ਕੋਈ ਦੱਸੇ ਕਿ ਮੈਂ ਕਿਉਂ ਨਾ ਧੰਨ ਧੰਨ ਹੋਵਾਂ ?

ਕੁੱਝ ਸਾਲ ਪਹਿਲਾਂ ਇਕ ਖੋਜ ਪਤ੍ਰਿਕਾ ਸਤੰਬਰ 1992 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪ੍ਰੋ ਪ੍ਰੀਤਮ ਸਿੰਘ ਵਿਸ਼ੇਸ਼ ਅੰਕ ਵਜੋਂ ਛਪੀ ਸੀ। ਉਸ ਦੇ ਮੁਖ ਸੰਪਾਦਕ ਡਾ ਅਜਮੇਰ ਸਿੰਘ ਸਨ, ਸਹਾਇਕ ਸੰਪਾਦਕ ਕਿਰਪਾਲ ਕਜ਼ਾਕ ਜੀ ਤੇ ਸਲਾਹਕਾਰ ਬੋਰਡ ਵਿਚ ਡਾ ਦਲੀਪ ਕੌਰ ਟਿਵਾਣਾ, ਡਾ ਮਹਿੰਦਰਪਾਲ ਕੋਹਲੀ ਤੇ ਡਾ ਗੁਰਦੇਵ ਸਿੰਘ ਜੀ ਸਨ। ਉਸ ਵਿਚ ਉਦੋਂ ਦੇ ਵਾਈਸ ਚਾਂਸਲਰ ਸਾਹਿਬ ਜੋਗਿੰਦਰ ਸਿੰਘ ਪੁਆਰ ਜੀ ਵੱਲੋਂ ਲਿਖਿਆ ਹੋਇਆ ਸੀ ਕਿ ਇਹ ਪੰਜਾਬੀ ਭਾਸ਼ਾ ਸਭਿਆਚਾਰ ਅਤੇ ਅਕਾਦਮਿਕ ਖੋਜ ਕਾਰਜਾਂ ਲਈ ਹਵਾਲਾ ਪੁਸਤਕ ਸਾਬਤ ਹੋਵੇਗੀ।

ਮੈਂ ਤਾਂ ਅੱਗੇ ਵੀ ਬਹੁਤ ਕੁੱਝ ਉਨ੍ਹਾਂ ਬਾਰੇ ਲਿਖਿਆ ਹੈ ਪਰ ਅੱਜ ਚਿਤ ਕਰਦਾ ਹੈ ਕਿ ਹੋਰਨਾਂ ਦੀ ਉਨ੍ਹਾਂ ਬਾਰੇ ਸੋਚ ਲਿਖਾਂ ਕਿਉਂਕਿ ਭਾਪਾ ਜੀ ਦੀ ਇਕ ਮਿਲਣੀ ਵਿਚ ਹੀ ਆਪਣੇ ਵਿਚਾਰਾਂ ਨਾਲ ਦੂਜੇ ਨੂੰ ਕੀਲ੍ਹ ਜਾਣ ਦੀ ਵਿਧੀ ਸਦਕਾ ਅੱਜ ਵੀ ਉਨ੍ਹਾਂ ਦੇ ਜਾਣਕਾਰਾਂ ਵਿਚ ਪਹੁੰਚ ਜਾਣ ਉੱਤੇ ਉਹ ਇੱਜ਼ਤ ਮੈਨੂੰ ਉਨ੍ਹਾਂ ਦੀ ਬੇਟੀ ਹੋਣ ਸਦਕਾ ਮਿਲ ਰਹੀ ਹੈ।

ਮੈਂ ਤਾਂ ਜ਼ਿੰਦਗੀ ਭਰ ਉਨ੍ਹਾਂ ਦੀਆਂ ਯਾਦਾਂ ਨਹੀਂ ਭੁਲਾ ਸਕਣ ਲੱਗੀ ਪਰ ਜੋ ਵਿਦਿਆ ਦੇ ਅਥਾਹ ਸਮੁੰਦਰ ਦੇ ਸਫਰ ਤੈਰਾਕ ਬੁੱਧੀਜੀਵੀ ਉਨ੍ਹਾਂ ਬਾਰੇ ਲਿਖ ਚੁੱਕੇ ਹਨ ਅਤੇ ਉਨ੍ਹਾਂ ਵਿੱਚੋਂ ਕਈ ਹੁਣ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਚੁੱਕੇ ਹਨ, ਉਨ੍ਹਾਂ ਦੀ ਸੋਚ ਦੇ ਨਿਚੋੜ ਦਾ ਜ਼ਿਕਰ ਹੀ ਅੱਜ ਮੈਂ ਕਰਨਾ ਹੈ।

ਉਸ ਖੋਜ ਪਤ੍ਰਿਕਾ ਵਿਚ ਗੁਰਭਗਤ ਸਿੰਘ ਜੀ ਇਉਂ ਲਿਖਦੇ ਹਨ– "ਪਹਿਲੀ ਮਿਲਣੀ ਤੋਂ ਹੀ ਪ੍ਰੋ ਪ੍ਰੀਤਮ ਸਿੰਘ ਹੁਰਾਂ ਦਾ ਪ੍ਰਭਾਵ ਇਕ ਨਿੱਗਰ ਅਤੇ ਸਹਿਜ ਉੱਚਤਾ ਵਾਲੇ ਵਿਦਵਾਨ ਹੋਣ ਦਾ ਪੈਂਦਾ ਹੈ। ਇਉਂ ਲਗਦਾ ਹੈ ਜਿਵੇਂ ਕਿਸੇ ਉੱਚੇ ਲੰਮੇ, ਸਰਸਬਜ਼ ਅਤੇ ਨਮੀ ਭਰਪੂਰ ਬ੍ਰਿਛ ਕੋਲੋਂ ਲੰਘ ਰਹੇ ਹੋਈਏ ਜਿਸਦੀ ਨਿਮ੍ਰਤਾ ਅਤੇ ਉਚਾਈ ਇਕ ਦੂਜੇ ਵਿਚ ਇਸਤਰ੍ਹਾਂ ਰਲ ਮਿਲ ਗਏ ਹਨ ਕਿ ਇਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ। ਇਕ ਖਿਚ ਵਾਲਾ ਸਿੰਮਲ ਰੁਖ ਜਿਸ ਵਿਚ ਮਿਠਾਸ ਵੀ ਹੈ ਤੇ ਸੁਆਦ ਵੀ।"

ਹਰਿੰਦਰ ਸਿੰਘ ਮਹਿਬੂਬ ਜੀ ਨੇ ਲਿਖਿਆ ਹੋਇਆ ਹੈ, "ਕਲਗੀਆਂ ਵਾਲੇ ਦਾ ਅਨੰਤ ਰੂਹਾਨੀ ਹੁਸਨ ਉਨ੍ਹਾਂ ਦੀ ਸ਼ਖ਼ਸੀਅਤ ਦੀ ਜਿੰਦ ਜਾਨ ਹੈ। ਉਨ੍ਹਾਂ ਨੇ ਤਰ੍ਹਾਂ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਅਤੇ ਭਿੰਨ ਭਿੰਨ ਵਿਅਕਤੀਆਂ ਨੂੰ ਆਪਣੇ ਵਿਸ਼ਾਲ ਹਿਰਦੇ ਅੰਦਰ ਕਿਸੇ ਅਕਹਿ ਅਪਣੱਤ ਵਾਲੀ ਥਾਂ ਦੇ ਰੱਖੀ ਹੈ। ਉਹ ਰੰਗਾਂ ਦੀਆਂ ਵਿਚਾਰਧਾਰਾਵਾਂ ਦੇ ਦੋਸਤ ਹਨ। ਜਿੰਨੇ ਯਕੀਨ ਨਾਲ ਮਾਰਕਸਵਾਦੀ ਉਨ੍ਹਾਂ ਨੂੰ ਆਪਣਾ ਦੋਸਤ ਮੰਨਦੇ ਹਨ, ਧਰਮ ਵਾਲੇ ਵੀ ਓਨੇ ਹੀ ਯਕੀਨ ਨਾਲ ਉਨ੍ਹਾਂ ਨੂੰ ਆਪਣਾ ਖਾਸ ਸਮਝਦੇ ਹਨ। ਉਨ੍ਹਾਂ ਦਾ ਦਿਲ ਸਭਨਾਂ ਦੋਸਤੀਆਂ ਦਾ ਕੇਂਦਰ ਹੈ।"

ਹਰਿਭਜਨ ਸਿੰਘ ਜੀ ਦੇ ਵਿਚਾਰ ਅਨੁਸਾਰ, "ਪ੍ਰੋ ਪ੍ਰੀਤਮ ਸਿੰਘ ਦੇ ਸੁਹਜ ਵਿਚ ਸੁਹਿਰਦਤਾ ਦਾ ਤੱਤ ਗ਼ਾਲਿਬ ਨਜ਼ਰ ਆਉਂਦਾ ਹੈ। ਉਹ ਬਹੁਤ ਨਿਰਲੇਪ ਕਿਸਮ ਦਾ ਮਨੁੱਖ ਜਾਪਦਾ ਹੈ। ਮੁਰਗਾਬੀ ਵਾਂਗ ਉਹ ਆਪਣੇ ਉੱਪਰ ਦੂਜੇ ਦੇ ਪਾਣੀ ਦੀ ਛਿਟ ਪੈਣ ਦਿੰਦਾ ਹੈ ਪਰ ਆਪਣੇ ਵਿਚ ਜਜ਼ਬ ਨਹੀਂ ਹੋਣ ਦਿੰਦਾ। ਸੰਸਾਰ ਨਾਲ ਉਸਦਾ ਵੰਨ ਵੇ ਰਿਸ਼ਤਾ ਹੈ। ਉਹ ਦੂਜਿਆਂ ਦਾ ਭਲਾ ਅਕਸਰ ਕਰਦਾ ਹੈ ਪਰ ਕਿਸੇ ਪਾਸੋਂ ਆਪਣਾ ਭਲਾ ਨਹੀਂ ਕਰਵਾ ਸਕਦਾ। ਉਹ ਸੂਰਜ ਵਾਂਗ ਆਪਣੀ ਤਪਸ਼ ਤੇ ਰੌਸ਼ਨੀ ਨਾਲ ਸਭ ਨੂੰ ਵਰੋਸਾਉਂਦਾ ਹੈ। ਉਸ ਨੂੰ ਦੋਸਤ ਵਾਂਗ ਨਹੀਂ ਗੁਰੂ ਵਾਂਗ ਗ੍ਰਹਿਣ ਕੀਤਾ ਜਾ ਸਕਦਾ ਹੈ। ਉਹ ਗੁਰੂ ਪ੍ਰਸਾਦ ਵੰਡ ਕੇ ਵੀ ਪਤਾ ਨਹੀਂ ਲੱਗਣ ਦਿੰਦਾ ਕਿ ਉਸਨੇ ਆਪਣਾ ਸ਼ਫਕਤ ਭਰਿਆ ਹੱਥ ਤੁਹਾਡੇ ਮੋਢੇ ਉੱਤੇ ਧਰਿਆ ਹੋਇਆ ਹੈ।"

ਜਸਵੰਤ ਸਿੰਘ ਕੰਵਲ ਜੀ ਅਨੁਸਾਰ, "ਪੰਜਾਬੀ ਜ਼ਬਾਨ ਲਈ ਉਨ੍ਹਾਂ ਦਾ ਠਾਠਾਂ ਮਾਰਦਾ ਪਿਆਰ ਅਤੇ ਸਹੀ ਪੱਖ ਵਾਸਤੇ ਉਨ੍ਹਾਂ ਦਾ ਗੁੱਸਾ, ਤਪਣਾ ਅਤੇ ਜਲਾਲ ਵਿਚ ਆਉਣਾ ਸਮੁੱਚੀ ਪੰਜਾਬੀ ਜ਼ਬਾਨ ਨੂੰ ਸਥਿਰ ਕਰਨ ਵਿਚ ਸਹਾਈ ਹੋਇਆ ਸੀ।" ਗੁਰਦਿਆਲ ਸਿੰਘ ਜੀ ਨੇ ਲਿਖਿਆ ਹੈ, "ਪ੍ਰੋ ਪ੍ਰੀਤਮ ਸਿੰਘ ਕਰੜੇ ਜੁੱਸੇ ਵਾਲਾ ਕਾਮਾ ਹੈ। ਪੰਜਾਬੀ ਜ਼ਬਾਨ ਉੱਤੇ ਕੋਈ ਸੱਟ ਮਾਰਦਾ ਹੈ ਤਾਂ ਉਹ ਫਨੀਅਰ ਵਾਂਗ ਛਜਲੀ ਫੈਲਾਅ ਕੇ ਭਿਆਨਕ ਰੂਪ ਧਾਰ ਲੈਂਦਾ ਹੈ। ਭਾਵੇਂ ਸਰਕਾਰੀ ਅਫਸਰ ਅੰਗਰੇਜ਼ੀ ਵਿਚ ਪੱਤਰ ਜਾਰੀ ਕਰਦੇ ਰਹੇ ਪਰ ਉਸ ਨੇ ਸਰਕਾਰੀ ਕਾਲਜ ਲੁਧਿਆਣੇ ਵਿਚ ਪ੍ਰਿੰਸੀਪਲ ਵਜੋਂ ਹੁਕਮ ਦਿੱਤਾ ਹੋਇਆ ਸੀ ਕਿ ਕੋਈ ਅਜਿਹਾ ਲਿਖਤੀ ਕਾਗਜ਼ ਦਫਤਰ ਵਿਚ ਪ੍ਰਵਾਨ ਨਹੀਂ ਕੀਤਾ ਜਾਏਗਾ ਜਿਹੜਾ ਪੰਜਾਬੀ ਵਿਚ ਨਾ ਹੋਵੇ। ਉਹ ਦੁਨਿਆਵੀ ਅਰਥਾਂ

ਵਿਚ ਬਹੁਤ ਹੀ ਬੇਲਿਹਾਜ਼ ਬੰਦਾ ਹੈ। ਉਸਨੂੰ ਆਪਣੇ ਕੰਮ ਤੋਂ ਬਿਨਾਂ ਕਿਸੇ ਹੋਰ ਨਾਲ ਕੋਈ ਲਿਹਾਜ਼ ਨਹੀਂ। ਪਿਓ ਨਾਲ ਤਾਂ ਕੀ, ਆਪਣੇ ਇਕਲੌਤੇ ਪੁੱਤਰ ਜੈਰੂਪ ਦੀ ਵੀ ਕੋਈ ਨਾਜ਼ਾਇਜ਼ ਮਦਦ ਉਸ ਕਦੇ ਨਹੀਂ ਕੀਤੀ।"

ਕਰਤਾਰ ਸਿੰਘ ਦੁੱਗਲ ਜੀ ਦੀ ਸੋਚ ਅਨੁਸਾਰ, "ਪ੍ਰੋ ਪ੍ਰੀਤਮ ਸਿੰਘ ਇਕ ਆਦਰਸ਼ ਉਸਤਾਦ ਵਾਂਗ ਵਿਦਿਆਰਥੀਆਂ ਨੂੰ ਘੜ ਘੜ ਕੇ ਖੁਸ਼ ਹੁੰਦੇ ਰਹੇ ਤੇ ਉਨ੍ਹਾਂ ਨੂੰ ਪਰਵਾਨ ਵੇਖ ਕੇ ਸਫਲਤਾ ਮਾਣਦੇ ਰਹੇ। ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਦਾ ਢੰਡੋਰਾ ਫੇਰਨਾ ਨਹੀਂ ਆਉਂਦਾ। ਇਸੇ ਲਈ ਕਿਸੇ ਸਨਮਾਨ ਲਈ ਉਨ੍ਹਾਂ ਕਦੇ ਝੋਲੀ ਨਹੀਂ ਅੱਡੀ। ਉਨ੍ਹਾਂ ਦੇ ਸ਼ਾਗਿਰਦ ਡਾ ਦਲੀਪ ਕੌਰ ਟਿਵਾਣਾ ਅਤੇ ਡਾ ਅਤਰ ਸਿੰਘ ਵਰਗੇ ਸਨ।"

ਸਿਬਤੁਲ ਹਸਨ ਜ਼ੈਗਮ (ਲਾਹੌਰ) ਜੀ ਨੇ ਤਾਂ ਏਥੇ ਤਕ ਲਿਖ ਦਿੱਤਾ ਹੋਇਆ ਹੈ, "ਚੜ੍ਹਦੇ ਪੰਜਾਬ ਵਿਚ ਪੰਜਾਬੀ ਜ਼ਬਾਨ ਦੀਆਂ ਨੀਹਾਂ ਉਸਾਰਨ ਵਾਲੇ ਸਨ ਪ੍ਰੋ ਪ੍ਰੀਤਮ ਸਿੰਘ। ਪ੍ਰੋ ਪ੍ਰੀਤਮ ਸਿੰਘ ਜੀ ਨੇ ਨਵੀਆਂ ਪੈੜਾਂ ਬਣਾਈਆਂ ਹਨ ਤੇ ਨਵੇਂ ਪੂਰਨੇ ਘੱਤੇ ਹਨ ਤੇ ਉਨ੍ਹਾਂ ਦਾ ਪੂਰਾ ਜੀਵਨ ਪੰਜਾਬੀ, ਪੰਜਾਬ ਅਤੇ ਪੰਜਾਬੀਆਂ ਲਈ ਜੂਝਦਿਆਂ ਬੀਤਿਆ ਹੈ। 1973 ਦਾ ਗੁਰਪੁਰਬ ਦੋਹਾਂ ਪੰਜਾਬਾਂ ਦੇ ਇਤਿਹਾਸ ਵਿਚ ਆਪਣੀ ਅਹਿਮੀਅਤ ਦੀ ਵਜ੍ਹਾ ਕਰਕੇ ਹਮੇਸ਼ਾ ਯਾਦ ਰੱਖਿਆ ਜਾਵੇਗਾ ਕਿਉਂਕਿ ਉਸ ਵਿਚ ਕੁੱਝ ਅਜਿਹੇ ਫੈਸਲੇ ਪ੍ਰੋ ਪ੍ਰੀਤਮ ਸਿੰਘ ਕਰਾਉਣ ਵਿਚ ਸਫਲ ਹੋ ਗਏ ਜਿਸਨੇ ਦੋਹਾਂ ਪੰਜਾਬਾਂ ਦਾ ਇਤਿਹਾਸ ਬਦਲ ਕੇ ਰਖ ਦਿੱਤਾ। ਚੇਤੇ ਰਹੇ ਕਿ ਸਿਖ ਸੰਗਤਾਂ ਨਵੰਬਰ ਵਿਚ ਨਨਕਾਣਾ ਸਾਹਿਬ ਅਪ੍ਰੈਲ ਵਿਚ ਪੰਜਾ ਸਾਹਿਬ, ਮਈ ਵਿਚ ਡੇਰਾ ਸਾਹਿਬ ਲਾਹੌਰ ਤੇ ਜੂਨ ਵਿਚ ਮਹਾਰਾਜਾ ਜੀ ਦੀ ਬਰਸੀ ਉੱਪਰ ਲਾਹੌਰ ਅਪੜਦੀਆਂ ਹੁੰਦੀਆਂ ਸਨ ਤੇ ਜਿੱਥੋਂ ਦਾ ਮੇਲਾ ਹੁੰਦਾ ਸੀ ਉੱਥੇ ਹੀ ਦਸ ਦਿਨ ਰਹਿੰਦੀਆਂ ਹੁੰਦੀਆਂ ਸਨ। 1973 ਵਿਚ ਅਜੀਬ ਕਿਸਮ ਦਾ ਤਣਾਓ ਸੀ ਤੇ ਜਨਮ ਅਸਥਾਨ ਦੀ ਥਾਂ ਅੰਤਲੇ ਦਿਨ ਫੈਡਰਲ ਸਰਕਾਰ ਦਾ ਕੋਈ ਨੁਮਾਇੰਦਾ ਨਹੀਂ ਸੀ ਆਇਆ। ਉੱਥੇ ਦਿੱਤੇ ਲੈਕਚਰ ਵਿਚ ਪਹਿਲੀ ਵਾਰ ਪ੍ਰੋ ਸਾਹਿਬ ਨੇ ਪੁਰਜ਼ੋਰ ਮੰਗ ਕੀਤੀ ਕਿ ਜੱਥੇ ਨੂੰ ਲਾਹੌਰ ਵੀ ਲਿਜਾਇਆ ਜਾਏ ਕਿਉਂਕਿ ਉਹ ਵੀ ਪੰਜਾਬੀਆਂ ਲਈ ਪਵਿੱਤਰ ਤੇ ਮੁਕੱਦਸ ਥਾਂ ਹੈ। ਇਹ ਮੰਗ ਸਵੀਕਾਰ ਹੋ ਗਈ ਤੇ ਇਸ ਇਤਿਹਾਸਕ ਫੈਸਲੇ ਤੇ ਜਿਹੜਾ ਭੰਗੜਾ ਪਿਆ ਉਹ ਫੇਰ ਕਿਧਰੇ ਵੇਖਣ ਨੂੰ ਨਹੀਂ ਮਿਲਿਆ। ਜੋ ਕੰਮ ਸਰਕਾਰਾਂ ਨਹੀਂ ਕਰ ਸਕੀਆਂ ਉਹ ਪ੍ਰੀਤਮ ਸਿੰਘ ਨੇ ਕਰ ਵਿਖਾਇਆ ਤੇ ਉਸਤੋਂ ਬਾਅਦ ਹਰ ਸਾਲ ਜੱਥੇ ਨੂੰ ਗੁਰਪੁਰਬ ਦੀ ਥਾਂ ਦੇ ਨਾਲ ਬਾਕੀ ਦੀਆਂ ਇਤਿਹਾਸਕ ਤੇ ਧਾਰਮਿਕ ਥਾਵਾਂ ਉੱਤੇ ਲਿਜਾਇਆ ਜਾਣ ਲਗ ਪਿਆ।

ਮੈਂ ਆਪਣੀ ਉਮਰ ਵਿਚ ਅੱਜ ਤਕ ਜਿਨ੍ਹਾਂ ਵੀ ਸੂਝਵਾਨਾਂ ਨੂੰ ਮਿਲਿਆ ਹਾਂ, ਪ੍ਰੋ ਸਾਹਿਬ ਤੋਂ ਵਧੇਰੇ ਸਿੱਖੀ ਲਈ ਸ਼ਰਧਾ ਮੈਨੂੰ ਕਿਸੇ ਹੋਰ ਵਿਚ ਨਜ਼ਰ ਨਹੀਂ ਆਈ। ਫੇਰ ਵੀ ਉਹ ਹਰ ਮਜ਼ਹਬ ਦੀ ਬਰਾਬਰ ਦੀ ਇੱਜ਼ਤ ਕਰਦੇ ਹਨ। ਚੜ੍ਹਦੇ ਪੰਜਾਬ ਦੀ ਖੁਸ਼ਕਿਸਮਤੀ ਹੈ ਕਿ ਉਨ੍ਹਾਂ ਨੂੰ ਪ੍ਰੋ ਪ੍ਰੀਤਮ ਸਿੰਘ ਵਰਗਾ ਆਲਮ, ਸੂਝਵਾਨ ਤੇ ਤਾਲੀਮ ਦਾ ਮਾਹਰ ਮਿਲਿਆ। ਪੰਜਾਬ ਨੂੰ ਇਹ ਮਾਣ ਹਮੇਸ਼ਾ ਰਹੇਗਾ ਕਿ ਪੰਜਾਬ ਦੀ ਧਰਤੀ ਉੱਤੇ ਅਜਿਹੇ ਸੂਝਵਾਨ ਮੌਜੂਦ ਰਹੇ ਜਿਹੜੇ ਸਹੀ ਮਾਅਨਿਆਂ ਵਿਚ ਪੰਜਾਬ ਅਤੇ ਪੰਜਾਬੀਅਤ ਦੀ ਰੂਹ, ਰੀਤ ਅਤੇ ਪਛਾਣ ਦੇ ਅਸਲੀ ਰੂਪ ਹਨ।"

ਗਿਆਨੀ ਲਾਲ ਸਿੰਘ ਜੀ ਅਨੁਸਾਰ, "ਰਿਹਾਇਸ਼ ਸਾਦ ਮੁਰਾਦੀ ਪਰ ਅਲਮਾਰੀਆਂ ਗਿਆਨ ਦੇ ਭੰਡਾਰ ਨਾਲ ਟਹਿਕਦੀਆਂ ਹਨ। ਪ੍ਰੋ ਪ੍ਰੀਤਮ ਸਿੰਘ ਸੂਝਵਾਨ ਆਲੋਚਕ ਹਨ ਜਿਹੜੇ ਰਚਨਾ ਤੇ ਰਚਨਹਾਰ ਨੂੰ ਸ਼ਬਦਾਂ ਦੀ ਟੁਣਕ ਨਾਲ ਟੁਣਕਾਉਂਦੇ ਹਨ ਪਰ ਦਿਲ ਤੇ ਜ਼ਖਮ ਨਹੀਂ ਲਾਉਂਦੇ । ਪ੍ਰੋ ਪ੍ਰੀਤਮ ਸਿੰਘ ਨਿਸ਼ਾਨੇ ਉੱਤੇ ਤੀਰ ਲਾਉਣ ਪੱਖੋਂ ਅਤੇ ਜ਼ਖ਼ਮ ਨਾ ਲਾਉਣ ਪੱਖੋਂ ਅਕਲ ਲਤੀਫ਼ ਦੇ ਮਾਲਕ ਹਨ।"

ਪ੍ਰੀਤਮ ਸਿੰਘ(ਆਰਸੀ) ਜੀ ਦੇ ਵਿਚਾਰ ਕੁੱਝ ਇੰਝ ਦਰਜ ਹਨ, "ਪ੍ਰੋ ਪ੍ਰੀਤਮ ਸਿੰਘ ਵਿਰਲੇ ਟਾਵੇਂ ਵਿਚਾਰਦਾਨਾਂ ਵਿੱਚੋਂ ਇਕ ਨਿਆਰੇ ਵਿਚਾਰਵਾਨ ਹਨ। ਆਮ ਵੇਖਣ ਵਿਚ ਆਉਂਦਾ ਹੈ ਕਿ ਜਿੱਥੇ ਅਕਲ ਸਿਖ਼ਰ ਛੋਂਹਦੀ ਹੁੰਦੀ ਹੈ, ਓਥੇ ਘਮੰਡ ਤੇ ਹੰਕਾਰ ਵੀ ਉਹਦੇ ਨਾਲ ਜੱਫੀ ਪਾਈ ਬੈਠੇ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਜਦੋਂ ਹਉਮੈ ਸਵੈ-ਵਿਸ਼ਵਾਸ ਦਾ, ਆਪਣੀ ਆਤਮਾ ਦੀ ਪਛਾਣ ਦਾ, ਆਪਣੀ ਸਮਰੱਥਾ ਨੂੰ ਸਮਝ ਲੈਣ ਦਾ ਰੂਪ ਧਾਰਨ ਕਰਦੀ ਹੈ ਤਾਂ ਇਹ ਹਾਂ ਪੱਖੀ ਹੋ ਨਿਬੜਦੀ ਹੈ ਅਤੇ ਆਤਮਾ ਦੀ ਪਛਾਣ ਕਰਨ ਵਾਲਾ ਵਿਅਕਤੀ ਬੜਾ ਸਨਿਮਰ ਨਿਰਮਾਣ ਤੇ ਸਾਦ ਮੁਰਾਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਅਜਿਹਾ ਹੀ ਸਰੂਪ ਹੈ ਸਾਡਾ ਆਪਣਾ ਪ੍ਰੋ ਪ੍ਰੀਤਮ ਸਿੰਘ। ਉਹ ਤਾਂ ਬੱਚਿਆਂ ਲਈ ਲਿਖਣ ਦੇ ਹੁਨਰ ਵਿਚ ਵੀ ਪ੍ਰਬੀਣ ਹਨ ਤੇ ਬਾਲ ਸਾਹਿਤ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ। ਪ੍ਰੋ ਪ੍ਰੀਤਮ ਸਿੰਘ ਕਿਸੇ ਸੇਧ ਵਿਚ ਸਹਿਜੇ ਸਹਿਜੇ, ਮੌਜ ਵਿਚ ਵਹਿ ਰਹੀ ਨਦੀ ਵਾਂਗ ਵਿਚਰਦੇ ਹਨ, ਜਿਸ ਦੇ ਪਾਣੀਆਂ ਵਿਚ ਅਨੇਕਾਂ ਅਕਸ ਲਹਿਰਾਉਂਦੇ ਹਨ, ਜਿਨ੍ਹਾਂ ਵਿਚ ਧੁੱਪ ਲਿਸ਼ਕਦੀ ਹੈ ਤੇ ਚੰਨ-ਚਾਨਣੀ ਵੀ ਜਲਵਾਗਰ ਹੋਈ ਵੇਖੀ ਜਾ ਸਕਦੀ ਹੈ। ਉਨ੍ਹਾਂ ਪਾਸ ਬੇਸ਼ਕੀਮਤੀ ਹੱਥ ਲਿਖਤਾਂ ਦੇ ਖਰੜੇ ਹਨ ਤੇ ਦੁਰਲੱਭ ਜਨਮ ਸਾਖੀਆਂ ਵੀ ਜਿਹੜੀਆਂ ਉਨ੍ਹਾਂ ਸਖਤ ਮਿਹਨਤ ਨਾਲ ਇਕੱਠੀਆਂ ਕੀਤੀਆਂ ਹੋਈਆਂ ਹਨ। ਪ੍ਰੋ ਸਾਹਿਬ ਦੇ ਕਈ ਰੂਪ ਹਨ। ਅਧਿਆਪਕ, ਖੋਜਕਾਰ, ਸੰਪਾਦਕ ਅਤੇ ਲੇਖਕ ਤੇ ਹਰ ਰੂਪ ਵਿਚ ਉਹ ਗੁਣਵਾਨ ਹਨ । ਉਨ੍ਹਾਂ ਵਿੱਚੋਂ ਸਭ ਤੋਂ ਪਿਆਰਾ ਤੇ ਆਤਮਾ ਨੂੰ ਛੂਹ ਜਾਣ ਵਾਲਾ ਰੂਪ ਹੈ ਮਨੁੱਖ ਦਾ। ਉਹ ਵਧੀਆ ਮਨੁੱਖ ਹਨ ਤੇ ਗੁਰਮੁਖ ਵੀ। ਗੁਰਬਾਣੀ ਨੂੰ ਉਨ੍ਹਾਂ ਨੇ ਆਪਣੇ ਜੀਵਨ ਵਿਚ ਢਾਲ ਲਿਆ ਹੈ ਅਤੇ ਉਨ੍ਹਾਂ ਦੀ ਨਿਮਰਤਾ, ਮਿਠਾਸ, ਸਹਿਜ ਮਨੋਬਿਰਤੀ ਅਤੇ ਸਾਦ-ਮੁਰਾਦਗੀ ਨੂੰ ਗੁਰਬਾਣੀ ਦੀ ਹੀ ਦੇਣ ਕਿਹਾ ਜਾ ਸਕਦਾ ਹੈ।"

ਰਾਮ ਸਰੂਪ ਅਣਖੀ ਜੀ ਦੀ ਸੋਚ ਮੁਤਾਬਕ, "ਪ੍ਰੀਤਮ ਸਿੰਘ ਦੀ ਲਿਖਤ ਆਪ ਹੀ ਅਨੇਕ ਵਾਰ ਵੱਢ ਟੁਕ ਕੇ ਸੋਧ ਕੇ ਲਿਖੀ ਹੋਈ ਹੁੰਦੀ ਸੀ ਪਰ ਫਾਈਨਲ ਲਿਖਤ ਅਜਿਹੀ ਹੁੰਦੀ ਸੀ ਜਿਵੇਂ ਸੁਨਿਆਰੇ ਦੀ ਘੜੀ ਚੀਜ਼ ਹੋਵੇ ਤੇ ਐਸਾ ਅਣਖਿੱਝ ਤੇ ਬਰੀਕੀ ਦਾ ਕੰਮ ਪ੍ਰੋ ਪ੍ਰੀਤਮ ਸਿੰਘ ਹੀ ਕਰ ਸਕਦਾ ਸੀ। ਪ੍ਰੋ ਸਾਹਿਬ ਦੇ ਇਕ ਲੜਕਾ ਤੇ ਚਾਰ ਧੀਆਂ ਹਨ ਪਰ ਸਭ ਵੱਖੋ ਵਖਰੇ ਕਿੱਤੇ ਵਿਚ। ਕੋਈ ਪੰਜਾਬੀ ਜ਼ਬਾਨ ਵਾਲੇ ਪਾਸੇ ਨਹੀਂ ਪਿਆ। ਉਨ੍ਹਾਂ ਨੂੰ ਆਪਣੇ ਬੱਚਿਆਂ ਦੀਆਂ ਕਲਾਸਾਂ ਜਾਂ ਸਕੂਲ ਬਾਰੇ ਵੀ ਨਹੀਂ ਸੀ ਪਤਾ ਹੁੰਦਾ। ਉਹ ਤਾਂ ਸ੍ਰੀਮਤੀ ਨਰਿੰਦਰ ਕੌਰ (ਧਰਮ ਪਤਨੀ) ਦੀ ਹੀ ਜ਼ਿੰਮੇਵਾਰੀ ਹੁੰਦੀ ਸੀ। ਘਰ ਬਾਰ ਵੱਲੋਂ ਵੀ ਉੱਕਾ ਬੇਪਰਵਾਹ ਤੇ ਫਕੀਰ ਇਨਸਾਨ ਪਰ ਧੁਨ ਦਾ ਪੱਕਾ। ਪ੍ਰੋ ਪ੍ਰੀਤਮ ਸਿੰਘ ਦਾ ਹਾਸ ਰਸ ਬੇਮਿਸਾਲ ਹੈ। ਉਨ੍ਹਾਂ ਦਾ ਇਕ ਸੁਪਨਾ ਹੈ ਕਿ ਪੰਜਾਬ ਵਿਚ ਕਦੇ ਕੋਈ ਅਜਿਹਾ ਅਜਾਇਬ-ਘਰ ਬਣੇ ਜਿੱਥੇ ਪ੍ਰਸਿੱਧ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਦੇ ਮੂਲ ਖਰੜੇ ਸੰਭਾਲ ਕੇ ਰੱਖੇ ਜਾਣ। ਪ੍ਰੀਤਮ ਸਿੰਘ ਤਾਂ 'ਹਰਾ ਛੋਲੂਆ, ਛੱਤੀ ਪਦਾਰਥ' ਹੈ।"

ਕ੍ਰਿਸ਼ਨ ਲਾਲ ਸ਼ਰਮਾ ਸੂਦਨ ਜੀ ਨੇ ਲਿਖਿਆ ਹੈ, "ਉਸ ਨੇ ਆਲੋਚਕਾਂ ਦੀ ਵੀ ਪਿਠ ਪਿੱਛੇ ਉਨ੍ਹਾਂ ਦੀ ਪ੍ਰਸੰਸਾ ਕੀਤੀ ਹੈ ਤੇ ਉਸਦੇ ਮੱਥੇ ਉੱਥੇ ਵਟ ਪੈਂਦਿਆਂ ਕਿਸੇ ਨੇ ਨਹੀਂ ਵੇਖਿਆ। ਉਹ ਐਕਸਰੇ ਕਿਰਨਾਂ ਵਾਂਗ ਤੁਰੰਤ ਬੰਦੇ ਦੇ ਅੰਦਰ ਦਾ ਚਾਨਣ ਝਾਕਦੇ ਹਨ ਤੇ ਸਿੱਧੇ ਉਸਦੀ ਯੋਗਤਾ ਤੇ ਗੁਣਾਂ ਦੀ ਪੋਟਲੀ ਫਰੋਲਦੇ ਹਨ। ਉਨ੍ਹਾਂ ਤੋਂ ਪੜ੍ਹੇ ਵਿਦਿਆਰਥੀ ਹਰ ਖੇਤਰ ਵਿਚ ਮੱਲ੍ਹਾਂ ਮਾਰਦੇ ਹਨ ਕਿਉਂਕਿ ਉਹ ਇਨ੍ਹਾਂ ਦੀ ਨਿਗਾਹ ਸਾਧਨਾ ਦੀ ਸੂਈ ਦੇ ਨੱਕੇ ਵਿੱਚੋਂ ਨਿਕਲਦੇ ਹਨ। ਪ੍ਰੋ ਪ੍ਰੀਤਮ ਸਿੰਘ ਪੰਜਾਬ ਦੀ ਧਰਤੀ ਦੀ ਮਹਿਕ ਹੈ, ਪੰਜਾਬੀ ਵਿਰਸੇ ਦੇ ਸਾਂਸਕ੍ਰਿਤਿਕ ਖਜ਼ਾਨੇ ਦੀ ਖਣਕ, ਪੰਜਾਬੀ-ਭਾਸ਼ਾ ਦੇ ਸੁਹੱਪਣ ਦੀ ਰੌਣਕ, ਟੀਚਿਆਂ ਦਾ ਮੀਲ-ਪੱਥਰ, ਦੂਰ-ਦਰਸ਼ੀ ਦ੍ਰਿਸ਼ਟੀ ਦੀ ਸੁੱਣਖੀ ਅੱਖ, ਲੋਕ-ਮਾਨਸਿਕਤਾ ਦਾ ਮਹਿਰਮ, ਲੋਕ-ਚੇਤਨਾ ਨੂੰ ਟੁੰਬਣ ਵਾਲਾ ਸੰਵੇਦਨਸ਼ੀਲ ਸੁਪਨਾ ਅਤੇ ਕਾਲ-ਕ੍ਰਮ ਦੀ ਨਿਰੰਤਰਤਾ ਦੀ ਇਕ ਕੜੀ ਹੈ। ਉਸਦਾ ਵਿਅਕਤਿਤਵ ਆਪਣੇ ਆਪ ਵਿਚ ਇਕ ਸੰਸਥਾ ਹੈ। ਉਹ ਉਸਾਰੂ ਕੰਮ ਦੀ ਇਕ ਦਿਸ਼ਾ ਅਤੇ ਪੰਜਾਬੀ ਭਾਸ਼ਾ ਦੀ ਸਮੱਰਥਾ ਦਾ ਪ੍ਰਤੀਕ ਹੈ।

ਪ੍ਰੋ ਪ੍ਰੀਤਮ ਸਿੰਘ ਦੀ ਯਥਾਰਥ ਦੀ ਪਕੜ ਇਤਨੀ ਮਜ਼ਬੂਤ ਹੈ ਕਿ ਸਮੇਂ ਦੀ ਤਿਲਕਦੀ ਰੇਤ ਹੋਵੇ ਜਾਂ ਰੁਖ਼ ਬਦਲਦੇ ਮੌਸਮਾਂ ਦੇ ਤੇਵਰ ਹੋਣ, ਜਾਂ ਬੁਕਲ ਵਿਚ ਝੱਖੜ ਲਈ ਝੁੱਲਦੇ ਵਾਵਰੋਲੇ ਹੋਣ, ਉਨ੍ਹਾਂ ਦੀ ਮੁਸਤਕਿਲ-ਮਿਜਾਜ਼ੀ, ਥਿਰਤਾ ਵਿਚ ਕਦੇ ਕਿਸੇ ਨੇ ਕੋਈ ਸ਼ਿਕਨ ਪੈਂਦੀ ਨਹੀਂ ਵੇਖੀ, ਕਿਉਂਕਿ ਉਨ੍ਹਾਂ ਨੂੰ ਆਪਣੇ ਆਪ ਤੇ, ਆਪਣੇ ਕੰਮ ਤੇ ਅਤੇ ਆਪਣੇ ਲੋਕਾਂ ਦੇ ਪਿਆਰ ਤੇ ਸਦਾ ਭਰੋਸਾ ਰਿਹਾ ਹੈ। ਉਹ ਜਿੱਥੇ ਖੜੇ ਹੁੰਦੇ ਹਨ, ਉੱਥੇ ਅਡਿੱਗ ਅਤੇ ਅਡੋਲ-ਉੱਛੱਕ ਖੜ੍ਹੇ ਹੁੰਦੇ ਹਨ। ਉਨ੍ਹਾਂ ਅੰਦਰ ਇਕ ਸੰਜਮ, ਅਨੁਸ਼ਾਸਨ ਅਤੇ ਲਗਨ ਦਾ ਇਕ ਸੁਖਾਵਾਂ ਸੁਭਾਵਿਕ ਸੁਮੇਲ ਹੈ। ਸਹਿਜੇ ਹੀ ਇਹ ਗੁਣ ਉਨ੍ਹਾਂ ਦੀ ਸ਼ਖ਼ਸੀਅਤ ਦੀ ਸ਼ਨਾਖਤ ਬਣ ਗਏ ਹਨ। ਉਹ ਜਿਸ ਵੀ ਪੋਜ਼ੀਸ਼ਨ ਤੇ ਕੰਮ ਕਰਦੇ ਰਹੇ, ਉੱਥੇ ਅਨੁਸ਼ਾਸਨ ਦੀਆਂ ਜਿਹੜੀਆਂ ਮਿਸਾਲੀ ਪਿਰਤਾਂ ਉਨ੍ਹਾਂ ਨੇ ਪਾਈਆਂ ਅਤੇ ਸੰਸਥਾਈ ਅਨੁਸ਼ਾਸਨ ਨੂੰ ਜੋ ਸੇਧ ਦਿੱਤੀ, ਉਸ ਨੇ ਉਨ੍ਹਾਂ ਨੂੰ ਚੰਗੇ ਵਿਵਸਥਾਪਨ ਹੋਣ ਦੀ ਸ਼ੁਹਰਤ ਦਿੱਤੀ। ਪਬਲਿਕ-ਜੀਵਨ ਵਿਚ ਉਹ ਡਿਊਟੀ ਦੇ ਪਾਬੰਦ ਅਤੇ ਸਖ਼ਤ ਰਹੇ। ਪਰ ਨਿਜੀ ਜੀਵਨ ਵਿਚ ਉਹ ਮਨੁੱਖੀ ਕਦਰਾਂ-ਕੀਮਤਾਂ ਅਤੇ ਸਹਾਨੁਭੂਤੀ ਪੂਰਨ ਵਿਹਾਰ ਦੇ ਧਾਰਣੀ ਰਹੇ। ਪ੍ਰੋ ਪ੍ਰੀਤਮ ਸਿੰਘ ਦੀ ਉਸਾਰੂ ਸ਼ਖ਼ਸੀਅਤ ਵੀ ਲੰਮੇ ਸਮੇਂ ਦੇ ਉਸਾਰੂ ਟੀਚਿਆਂ ਨੂੰ ਮਿੱਥਦੀ ਹੈ। ਨਵੇਂ ਰਾਹਾਂ ਲਈ ਭੰਨ-ਤੋੜ ਕਰਦੀ ਹੈ ਅਤੇ ਲੋਕ-ਹਿਤ ਦੇ ਟੀਚਿਆਂ ਨਾਲ ਜੋੜਦੀ ਹੈ, ਨਵੇਂ ਸੰਦਰਭਾਂ ਵਿਚ, ਨਵੇਂ ਸੁਫ਼ਨਿਆਂ ਨੂੰ ਉਜਾਗਰ ਕਰਨ ਲਈ।"

ਡਾ ਜੀਤ ਸਿੰਘ ਸੀਤਲ ਪ੍ਰੋ ਪ੍ਰੀਤਮ ਸਿੰਘ ਜੀ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਇੰਝ ਉਲੀਕਦੇ ਹਨ, "ਪ੍ਰੋ ਪ੍ਰੀਤਮ ਸਿੰਘ ਪੰਜਾਬੀ ਦੇ ਮੋਤੀ ਚੁਗਣ ਵਾਲਾ ਹੰਸ ਹੈ, ਜਿਹੜਾ ਘੱਟ ਲਿਖਦਾ ਤੇ ਘਟ ਬੋਲਦਾ ਹੈ ਤੇ ਉੱਚੇ ਸੁੱਚੇ ਵਿਅਕਤਿਤਵ ਦਾ ਮਾਲਕ ਹੈ।"

ਹਿੰਮਤ ਸਿੰਘ ਕੁੱਝ ਇਉਂ ਲਿਖਦੇ ਹਨ, "ਪ੍ਰੋ ਪ੍ਰੀਤਮ ਸਿੰਘ ਬਾਰੇ ਲਿਖਦਿਆਂ ਜਿੰਨੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ ਓਨੀਆਂ ਹੋਰ ਕਿਸੇ ਅਧਿਆਪਕ ਸੰਬੰਧੀ ਲਿਖਣ ਲੱਗਿਆਂ ਨਹੀਂ ਆਉਂਦੀਆਂ ਕਿਉਂਕਿ ਉਨ੍ਹਾਂ ਦੀ ਪ੍ਰਤਿਭਾਵਾਨ ਬਹੁ-ਪਾਸਾਰਤਾ ਅਤੇ ਚੁਸਤ ਹਾਜ਼ਰ ਜਵਾਬੀ ਦਾ ਕੋਈ ਸਾਨੀ ਨਹੀਂ। ਕਈ ਮਨੁੱਖ ਹਰ ਮੁਸ਼ਕਿਲ ਨੂੰ ਗਲੇ ਲਾਉਂਦੇ ਹਨ ਅਤੇ ਇਉਂ ਆਪਣੀ ਤਕੜਾਈ ਨੂੰ ਅਜਮਾਇਸ਼ਾਂ ਵਿੱਚੋਂ ਲੰਘਾਉਂਦੇ ਰਹਿੰਦੇ ਹਨ। ਪ੍ਰੋ ਸਾਹਿਬ ਇਹੋ ਜਿਹੇ ਹੀ ਜਿਸਮ-ਜਾਨ ਨਾਲ ਸੰਬੰਧਿਤ ਹਨ।

ਕੋਈ ਸੰਸਾਰੀ ਲਗਨ-ਲਗਾਓ ਦਾ ਕਦਰਦਾਨ ਹੀ ਖ਼ੁਦ ਆਪ ਅਤੇ ਦੂਜਿਆਂ ਨੂੰ ਮੁਸ਼ੱਕਤ ਭਰੇ ਜਫਰ-ਜੁਹਦ ਦੀ ਅਜਮਾਇਸ਼ ਵਿੱਚੋਂ ਲੰਘ-ਲੰਘਾ ਕੇ ਮਨੁੱਖੀ ਕੱਦ-ਕਾਠ ਨਾਲ ਮਿਲਦੀ ਕਸਵੱਟੀ ਉੱਤੇ ਪਰਖ਼ਦਾ ਹੈ ਅਤੇ ਖ਼ਿਆਲੀ ਖ਼ਾਮ-ਖ਼ੁਮਾਰੀਆਂ ਦੇ ਅਫ਼ੀਮੀ ਹਵਾਈ ਕਿਲ੍ਹਿਆਂ ਦੀ ਵਿਅਰਥ ਸੁਪਨ-ਨਗਰੀ ਤੋਂ ਘੜੀਸ ਕੇ ਮੁਸ਼ੱਕਤ ਭਰੀ ਪਿੱਤਰੀ ਤੇ ਮਾਤਰੀ ਵਿਰਾਸਤ ਦੀ ਹਕੀਕੀ ਧਰਤੀ ਉਪਰ ਟਿਕਾ ਸਕਦਾ ਹੈ। ਪ੍ਰੋ ਪ੍ਰੀਤਮ ਸਿੰਘ ਵਿਚ ਮੈਂ ਇਹ ਨਵੇਕਲਾ ਵਸਫ਼ ਵੇਖਿਆ ਹੈ। ਪ੍ਰੋਫ਼ੈਸਰ ਸਾਹਿਬ ਦੀ ਚੋਣਵੀਂ ਤੇ ਵਿਦਵਾਨ-ਮਹਿਫਲ ਹਮੇਸ਼ਾ ਭਰਪੂਰ ਰਹਿੰਦੀ ਹੈ ਕਿਉਂਕਿ ਲੋਕ ਫੁਕਰੇਪਣ ਦੀ ਵਿਦਵਤਾ ਤੋਂ ਬੇਜ਼ਾਰ ਹੋ ਕੇ ਇਕ-ਇਕੱਲੇ ਦੀ ਭਰਪੂਰ ਕੰਬਲੀ ਵਿੱਚੋਂ ਬਹੁਤ ਕੁੱਝ ਪ੍ਰਾਪਤ ਕਰਨਾ ਪਛਾਣ ਗਏ ਹਨ। ਭਾਵੇਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਭੀੜ ਘੇਰੀ ਰੱਖਦੀ ਹੈ। ਪਰ ਮੈਂ ਉਨ੍ਹਾਂ ਦੇ ਅੰਦਰ ਇਕ-ਇਕੱਲਾ ਸਾਧਕ ਹਮੇਸ਼ਾ ਵੇਖਦਾ ਰਿਹਾ ਹਾਂ। ਜਾਂ ਤਾਂ ਪਰਮਾਤਮਾ ਇਕ-ਇਕੱਲਾ ਹੈ ਜਾਂ ਫਿਰ ਪੀਰੋ-ਮੁਰਸ਼ਦ ਆਪਣੀ ਇਕੱਲਤਾ ਨੂੰ ਮੁਰੀਦਾਂ ਦੀ ਬਹੁਲਤਾ ਤੇ ਵਿਵਿਧਤਾ ਦੇ ਧਿਆਨ ਨਮਿਤ ਪ੍ਰਗਟਾਉਂਦੇ ਰਹਿੰਦੇ ਹਨ।

ਪ੍ਰੋਫ਼ੈਸਰ ਸਾਹਿਬ ਦੀ ਬੋਲ-ਬਾਣੀ ਅਤੇ ਸਲਾਮ-ਸਲੀਕੇ ਨੂੰ ਨਿਰਧਾਰਿਤ ਕਰਨ ਵਾਲੇ ਭਾਵੇਂ ਕਈ ਅੰਦਰਲੇ ਬਾਹਰਲੇ ਕਾਰਨ ਹੋਣਗੇ ਪਰ ਮੇਰੀ ਸਮਝ ਵਿਚ ਆਉਂਦਾ ਹੈ ਕਿ ਉਨ੍ਹਾਂ ਦੇ ਅੰਦਰ-ਬਾਹਰੇ ਬੋਲ-ਬਾਣੇ ਅਤੇ ਚਾਲ-ਢਾਲ ਉਪਰ ਧਾਰਮਿਕਤਾ ਪ੍ਰਭਾਉ ਪਾਉਂਦੀ ਰਹੀ। ਇਸ ਵਿਚ ਸ਼ੱਕ ਨਹੀਂ ਕਿ ਸਨਾਤਨੀ ਭਾਸ਼ਾ ਵਿਧੀ-ਵਿਧਾਨ ਦੀ ਜਾਣਕਾਰੀ ਦੀ ਖਾਤਰ ਉਨ੍ਹਾਂ ਨੇ ਆਪਣੇ ਪਹਿਲੇ ਵਿਦਿਅਕ ਕਦਮ ਖ਼ੁਦ ਪੁੱਟੇ ਸਨ ਪਰ ਗੁਰੂ ਘਰ ਦੀ 'ਗਰੀਬੀ' ਅਤੇ ਗੁਰੂ ਘਰ ਦੀ ਗੁਰਮੁਖੀ ਚਾਲ-ਢਾਲ ਨੂੰ ਪ੍ਰੋਫ਼ੈਸਰ ਸਾਹਿਬ ਸਿੰਘ (ਸਹੁਰਾ ਸਾਹਿਬ) ਦੀ ਨਿਕਟਤਾ ਨੇ ਜ਼ਰੂਰ ਪ੍ਰਭਾਵਿਤ ਕੀਤਾ ਹੋਵੇਗਾ। ਪ੍ਰੀਤਮ ਸਿੰਘ ਤਰਾਸ਼ਿਆ ਹੋਇਆ ਸੈਲ ਪੱਥਰ ਹੈ।"

ਪ੍ਰਿੰ ਜੋਗਿੰਦਰ ਸਿੰਘ ਜੀ ਦੇ ਵਿਚਾਰ ਅਨੁਸਾਰ, "ਇਹ ਬਹੁ-ਪੱਖੀ ਸ਼ਖ਼ਸੀਅਤ ਦੇ ਸੁਆਮੀ ਹਨ। ਇਕ ਉੱਦਮੀ ਤੇ ਸੁਚੱਜੇ ਮਨੁੱਖ, ਚੰਗੇ ਸਲਾਹਕਾਰ, ਵਧੀਆ ਪ੍ਰਬੰਧਕ, ਸੁਲਝੇ ਹੋਏ ਲੇਖਕ ਤੇ ਸ਼ੈਲੀਕਾਰ, ਪ੍ਰੌੜ੍ਹ ਆਲੋਚਕ ਤੇ ਸਾਹਿਤਕਾਰ। ਬੜੇ ਮਿਹਨਤੀ ਕਾਮੇ ਹਨ ਅਤੇ ਜਦੋਂ ਵੀ ਮੈਂ ਇਨ੍ਹਾਂ ਨੂੰ ਮਿਲਣ ਜਾਂਦਾ ਹਾਂ, ਨਵੀਆਂ ਸੇਧਾਂ ਅਤੇ ਨਵੇਂ ਉਤਸ਼ਾਹ ਲੈ ਕੇ ਵਾਪਸ ਮੁੜਦਾ ਹਾਂ।

ਪ੍ਰਿੰਸੀਪਲ ਪ੍ਰੀਤਮ ਸਿੰਘ ਹੁਰੀਂ ਇਕ ਚੰਗੇ ਬੁਲਾਰੇ ਵੀ ਹਨ। ਉਨ੍ਹਾਂ ਦੇ ਹਰ ਭਾਸ਼ਣ ਦੀ ਇਹ ਵਿਸ਼ੇਸ਼ਤਾ ਹੈ ਕਿ ਜਦੋਂ ਸਰੋਤਿਆਂ ਨੂੰ ਇਕ ਪਟੇ ਦੀ ਥਾਂ ਦੂਜੇ ਉੱਤੇ ਚਾੜ੍ਹਦੇ ਹਨ ਤਾਂ ਕਿਸੇ ਝਟਕੇ ਦਾ ਅਹਿਸਾਸ ਨਹੀਂ ਹੋਣ ਦਿੰਦੇ। ਉਨ੍ਹਾਂ ਦੀਆਂ ਇਨ੍ਹਾਂ ਸਾਹਿਤਿਕ ਪ੍ਰਾਪਤੀਆਂ ਦੇ ਸਨਮੁਖ ਬਦੇਸ਼ੀ ਸੰਸਥਾਵਾਂ ਅਤੇ ਹੋਰ ਅਕਾਦਮਿਕ ਅਦਾਰਿਆਂ ਵੱਲੋਂ ਵੀ ਉਨ੍ਹਾਂ ਨੂੰ ਕਾਫ਼ੀ ਹੁੰਗਾਰਾ ਮਿਲਿਆ। ਉਨ੍ਹਾਂ ਦਾ ਸਭ ਵੱਲ ਨਿਰਪੱਖਤਾ ਦਾ ਦ੍ਰਿਸ਼ਟੀਕੋਣ ਸੀ।"

ਸੁਰਜੀਤ ਸਿੰਘ ਜੀ ਅਨੁਸਾਰ, "ਪ੍ਰੋ ਸਾਹਿਬ ਦੀ ਨਿਰਦੇਸ਼ਨ ਸ਼ੈਲੀ, ਕਠੋਰ, ਰੁੱਖੀ ਪਰ ਸੱਚੀ ਤੇ ਸੁੱਚੀ ਹੈ। ਉਂਗਲੀ ਫੜ ਕੇ ਨਾਲ ਨਾਲ ਤੋਰਨ ਵਾਲੀ ਪਰ ਬਿਨਾਂ ਪੁੱਚ ਪੁੱਚ ਤੋਂ। ਉੱਤੋਂ ਰੁੱਖੇ ਪਰ ਅੰਦਰੋਂ ਲਾਡ ਪਿਆਰ ਨਾਲ ਭਰੇ ਪੇਂਡੂ ਬਾਪੂ ਵਰਗੀ। ਉਸ

ਘੁਮਿਆਰ ਵਰਗੀ ਜਿਹੜਾ ਅੰਦਰੋਂ ਸਹਾਰਾ ਦੇ ਕੇ ਉੱਤੋਂ ਘੜੇ ਕੀ ਠੁਕਾਈ ਕਰਦਾ ਹੈ। ਉਸ ਨੂੰ ਵਧਾਉਣ ਲਈ ਤੇ ਉਸ ਦੇ ਚਿੱਬ ਕੱਢਣ ਲਈ। ਸ਼ਾਲਾ ! ਇਸ 'ਬਾਪੂ' ਦੀ ਉਮਰ ਲੰਬੀ ਹੋਵੇ ਤੇ ਪੰਜਾਬੀ ਮਾਂ ਦੇ ਪੁੱਤ ਇਸ ਦੀਆਂ ਝਿੜਕਾਂ ਝੰਬਾ ਸਹਿੰਦੇ ਹੋਏ ਆਪਣੀ ਮਾਂ ਦੀ ਸੇਵਾ ਵਿਚ ਲੱਗੇ ਰਹਿਣ।"

ਨਵਰਤਨ ਕਪੂਰ ਜੀ ਨੇ ਲਿਖਿਆ ਹੈ, "ਉਹ ਸੁਚੱਜੇ ਅਧਿਆਪਕ ਆਪਣੇ ਸ਼ਿਸ਼ ਨਾਲ ਏਨੀ ਨਿਮਰਤਾ ਨਾਲ ਗੱਲ ਕਰਦੇ ਸਨ ਕਿ ਲਾਜਵਾਬ ਕਰ ਛੱਡਦੇ ਹਨ। ਜਿਵੇਂ ਭਗਵਾਨ ਰਾਮ ਚੰਦਰ ਜੀ ਦੇ ਛੋਹ ਨਾਲ ਪੱਥਰ ਬਣੀ ਅਹਿਲਿਆ ਵੀ ਜੀਉਂਦੀ ਜਾਗਦੀ ਇਸਤਰੀ ਹੋ ਗਈ ਸੀ ਬਿਲਕੁਲ ਉਸੇ ਤਰ੍ਹਾਂ ਉਹ ਕਾਠ ਮਾਰਿਆ ਪੰਜਾਬੀ ਪ੍ਰੇਮ ਕਿਸੇ ਅੰਦਰ ਵੀ ਜਾਗ੍ਰਿਤ ਕਰ ਦੇਂਦੇ ਸਨ। ਪ੍ਰੋ ਸਾਹਿਬ ਸਿੰਘ ਨੇ ਆਪਣੇ ਵਰਗਾ ਸਾਦਗੀ ਪਸੰਦ ਹੀਰਾ ਆਪਣੀ ਧੀ ਨਰਿੰਦਰ ਕੌਰ ਵਾਸਤੇ ਲੱਭਣ ਵਿਚ ਧੋਖਾ ਨਹੀਂ ਖਾਧਾ।"

ਨਵਤੇਜ ਭਾਰਤੀ ਜੀ ਨੇ ਵੇਗ ਵਿਚ ਆ ਕੇ ਲਿਖ ਧਰਿਆ ਹੈ, "ਤੇਰੇ ਦਰ ਤੇ ਆਉਣ ਲਈ ਮੈਨੂੰ ਦਰਿਆ ਬਣਨਾ ਪੈਂਦਾ ਹੈ। ਦਰਿਆ ਬਣ ਕੇ ਮੈਂ ਤੇਰੇ ਦਰ ਤੇ ਰੁਕ ਨਹੀਂ ਸਕਦਾ, ਤੇਰੇ ਦਰ ਤੇ ਆ ਕੇ ਮੈਂ ਵਗਣਾ ਸਿੱਖਦਾ ਹਾਂ, ਤੇਰੇ ਦਰ ਤੇ ਆ ਕੇ ਮੈਂ ਰਮਤਾ ਜੋਗੀ ਬਣ ਜਾਂਦਾ ਹਾਂ।"

ਦਲੀਪ ਕੌਰ ਟਿਵਾਣਾ ਅਨੁਸਾਰ, "ਉਹ ਮਹਾਂਭੂਤ ਤੇ ਮਹਾਂਵਿਗਿਆਨੀ ਹੈ। ਬਿਨਾਂ ਸ਼ੀਸ਼ੇ ਦੇ ਪੱਗ ਬੰਨ੍ਹੀ, ਕੁਰਤਾ ਪਜਾਮਾ ਤੇ ਦੇਸੀ ਜੁੱਤੀ ਪਾਈ, ਇਕ ਝੋਲਾ ਹੱਥ ਵਿਚ ਫੜੀ ਥਰਡ ਕਲਾਸ ਵਿਚ ਸਫਰ ਕਰਦੇ ਇਸ ਮਹਾਂਭੂਤ ਉਤੇ ਜੇ ਕਿਸੇ ਵਿਦਿਆਰਥੀ ਦੀ ਫੀਸ ਭਰਨ ਦਾ ਸਵਾਲ ਆ ਜਾਵੇ ਤਾਂ ਇਹ ਮਹਾਂਭੂਤ ਆਪਣੇ ਸਾਰੇ ਹੱਥ ਪਲਾ ਮਾਰ, ਇੱਥੋਂ ਤਕ ਕਿ ਆਪਣੀ ਨਿੱਕੀ ਧੀ ਦੇ ਗੱਲੇ ਵਿੱਚੋਂ ਸਿਵਾਏ ਡੂਢੇ ਉੱਤੇ ਉਧਾਰ ਚੁੱਕ ਕੇ ਵੀ ਤਾਰ ਦੇਂਦਾ ਹੈ। ਮੇਰੀਆਂ ਤਾਂ ਅੱਖਾਂ ਛਲਕ ਆਈਆਂ ਸਨ ਜਦੋਂ ਮੈਂ ਮਹਿਸੂਸ ਕੀਤਾ ਕਿ ਮੇਰੇ ਪਿਓ ਦੇ ਮਰ ਜਾਣ ਪਿਛੋਂ ਵੀ ਉਸਨੇ ਮੇਰੇ ਸਿਰ ਉੱਤੇ ਪਿਓ ਵਾਲਾ ਹੱਥ ਧਰਿਆ ਤੇ ਮੈਨੂੰ ਇਹ ਅਹਿਸਾਸ ਕਰਾਇਆ ਕਿ ਆਪਣੇ ਪਿਓ ਦੇ ਮਰ ਜਾਣ ਪਿਛੋਂ ਵੀ ਕੋਈ ਕੁੜੀ ਕਿਸੇ ਦੀ ਧੀ ਹੁੰਦੀ ਹੈ।"

ਬਲਵੰਤ ਗਾਰਗੀ ਜੀ ਦੇ ਵਿਚਾਰ ਅਨੁਸਾਰ, "ਪ੍ਰੀਤਮ ਸਿੰਘ ਆਖਦਾ ਹੈ, 'ਮੈਂ ਘੱਟ ਲਿਖਦਾ ਹਾਂ। ਠੀਕ ਹੈ। ਪਰ ਖੋਜ ਦਾ ਕੰਮ ਹੀ ਇਹੋ ਜਿਹਾ ਹੈ। ਮਣਾਂ ਮੂੰਹੀਂ ਧਾਤਾਂ ਵਿੱਚੋਂ ਰੇਡੀਅਮ ਦੀ ਨਿੱਕੀ ਜਿਹੀ ਕਣੀ ਹੀ ਮਿਲਦੀ ਹੈ। ਇਹ ਹੈ ਖੋਜ। ਮੈਂ ਕਈ ਤੱਤਾਂ ਉੱਤੇ ਪੁਜਾ ਹਾਂ। ਵਕਤ ਆਉਣ ਉੱਤੇ ਲਿਖਾਂਗਾ। ਹਾਲੇ ਮੈਂ ਕੰਮ ਕਰ ਰਿਹਾ ਹਾਂ। ਕੰਮ ਦੀ ਕੋਈ ਆਵਾਜ਼ ਨਹੀਂ। ਮੈਂ ਉਡੀਕ ਰਿਹਾ ਹਾਂ।'

ਤੇ ਮੈਂ ਇਸ ਗੱਲ ਦੀ ਉਡੀਕ ਵਿਚ ਹਾਂ ਕਿ ਕਦ ਮੈਂ ਮਰਾਂ ਤੇ ਕਦ ਤਿੰਨ ਸੌ ਵਰ੍ਹੇ ਹੋਣ ਤਾਂ ਜੁ ਪ੍ਰੀਤਮ ਸਿੰਘ ਮੇਰੇ ਨਾਟਕਾਂ ਦੀ ਸਾਹਿਤਕ ਵਿਸ਼ੇਸ਼ਤਾ ਉੱਤੇ ਇਕ ਲੇਖ ਲਿਖੇ।"

ਪਿਆਰਾ ਸਿੰਘ ਭੋਗਲ ਜੀ ਨੇ ਪ੍ਰੋ ਪ੍ਰੀਤਮ ਸਿੰਘ ਨੂੰ ਪੰਜਾਬੀ ਵਾਰਤਕ ਸਾਹਿਤ ਦਾ ਦੂਜਾ ਤੇਜਾ ਸਿੰਘ ਕਰਾਰ ਕਰ ਦਿੱਤਾ ਸੀ।

ਗੁਰਦੇਵ ਸਿੰਘ ਜੀ ਨੇ ਯਾਦਾਂ ਦੇ ਪਤਰੇ ਫਰੋਲ ਕੇ ਲਿਖਿਆ ਹੈ, "ਪ੍ਰੀਤਮ ਸਿੰਘ ਪੰਜਾਬੀ ਬੋਲੀ ਨੂੰ ਰੱਜ ਕੇ ਪਿਆਰ ਅਤੇ ਸਤਿਕਾਰਨ ਵਾਲਾ ਵਿਅਕਤੀ ਹੈ। ਉਹ ਇਹ ਮੰਨਣ ਨੂੰ ਉੱਕਾ ਤਿਆਰ ਨਹੀਂ ਕਿ ਪੰਜਾਬੀ ਭਾਸ਼ਾ ਵਿਚ ਉੱਨਤੀ ਦੀਆਂ ਸੰਭਾਵਨਾਵਾਂ ਘੱਟ ਹਨ ਬਲਕਿ ਉਹ ਤਾਂ ਪੰਜਾਬੀ ਵਿਚ ਸੰਸਾਰ ਦੀ ਹਰ ਉੱਨਤ ਭਾਸ਼ਾ ਦੀ ਬਰਾਬਰੀ ਕਰ ਸਕਣ ਦੀ ਸੰਭਾਵਨਾ ਵੇਖਦਾ ਹੈ। ਉਸ ਦੀ ਜਾਣੀ ਪਛਾਣੀ ਮਨੌਤ ਹੈ ਕਿ 'ਜਿਸ ਬੋਲੀ ਦਾ ਹਜ਼ਾਰ ਵਰ੍ਹੇ ਦਾ ਇਤਿਹਾਸ ਹੋਵੇ, ਹਜ਼ਾਰਾਂ ਦੀ ਗਿਣਤੀ ਵਿਚ ਲਿਖਣ ਵਾਲੇ ਗੁਜ਼ਰੇ ਹੋਣ ਜਾਂ ਮੌਜੂਦ ਹੋਣ ਤੇ ਕਰੋੜਾਂ ਮਨੁੱਖ ਉਸ ਨੂੰ ਆਪਣੀ ਮਾਦਰੀ ਭਾਸ਼ਾ ਮੰਨਦੇ ਹੋਣ, ਉਸ ਬੋਲੀ ਦੀ ਸਮਰਥਾ ਤੇ ਸੰਭਾਵਨਾ ਬਾਰੇ ਸ਼ੱਕ ਦੀ ਗੁੰਜਾਇਸ਼ ਹੋਣੀ ਹੀ ਨਹੀਂ ਚਾਹੀਦੀ। ਪ੍ਰੀਤਮ ਸਿੰਘ ਆਪਣੇ ਇਸ਼ਟ ਪ੍ਰਤੀ ਇਕ ਸੁਦ੍ਰਿੜ ਨਿਸਚੇ ਦਾ ਧਾਰਨੀ ਵਿਅਕਤੀ ਹੈ।"

ਅਜਮੇਰ ਸਿੰਘ ਜੀ ਨੇ ਸਵਾਲ ਪੁੱਛਿਆ ਹੋਇਆ ਸੀ ਕਿ ਤੁਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਵਾਲੇ ਪਾਸੇ ਕਿਉਂ ਨਹੀਂ ਲਾਇਆ ਜਦ ਕਿ ਹੋਰਨਾਂ ਨੂੰ ਪੰਜਾਬੀ ਦੇ ਉੱਚ ਕੋਟੀ ਦੇ ਅਧਿਆਪਕ ਬਣਾ ਛੱਡਿਆ ਹੈ ? ਪ੍ਰੋ ਪ੍ਰੀਤਮ ਸਿੰਘ ਨੇ ਹੱਸਦੇ ਹੋਏ ਜਵਾਬ ਦਿੱਤਾ ਸੀ ਕਿ ਮੈਂ ਅਨਪੜ੍ਹ ਹਾਂ। ਮੈਨੂੰ ਸਮਝ ਨਹੀਂ ਸੀ ਕਿ ਉਹ ਪੰਜਾਬੀ ਵਾਲੇ ਪਾਸੇ ਲੱਗਣੇ ਚਾਹੀਦੇ ਹਨ। ਜਿਸ ਵੇਲੇ ਮੈਂ ਪੰਜਾਬੀ ਪੜ੍ਹਦਾ ਸੀ ਜਾਂ ਪੜ੍ਹਾਉਂਦਾ ਸੀ, ਉਸ ਵੇਲੇ ਪ੍ਰੋਫੈਸਰੀਆਂ ਚੰਗੇਰਾਂ ਵਿਚ ਭਰ ਭਰ ਕੇ ਹਰ ਯੂਨੀਵਰਸਿਟੀ ਵਿਚ ਨਹੀਂ ਸਨ ਰੱਖੀਆਂ ਹੁੰਦੀਆਂ। ਮੈਂ ਲਿਖਣ ਬਾਰੇ ਹਮੇਸ਼ਾ ਬੇਪ੍ਰਵਾਹ ਰਿਹਾ ਹਾਂ। ਜੇ ਮੈਂ ਕਾਹਲ ਕਰਦਾ ਤੇ ਛੇਤੀ ਕਿਤਾਬਾਂ ਛਾਪ ਕੇ ਬਜ਼ਾਰ ਵਿਚ ਸੁਟਦਾ ਤਾਂ ਐਮ ਏ ਵਾਲੇ ਵਿਦਿਆਰਥੀ ਛੇਤੀ ਛੇਤੀ ਖਰੀਦਦੇ ਤੇ ਮੇਰੇ ਘਰ ਦਾ ਇਕ ਹੋਰ ਕਮਰਾ ਪੈ ਜਾਂਦਾ। ਮੈਨੂੰ ਇਹੋ ਜਿਹਾ ਕੋਈ ਲਾਲਚ ਨਹੀਂ। ਮੈਨੂੰ ਫਾਕੇ ਕਟਣੇ ਮੰਜ਼ੂਰ ਹਨ ਪਰ ਮੈਂ ਇਕ ਅਜਿਹੇ ਬੋਹੜ ਦੀ ਮਿਸਾਲ ਬਣਨਾ ਚਾਹੁੰਦਾਂ ਜਿਹੜਾ ਲੱਖਾਂ ਹੋਰ ਬੋਹੜ ਪੈਦਾ ਕਰ ਦੇਵੇ ਤੇ ਸਾਰੇ ਪਾਸੇ ਪੰਜਾਬੀ ਜ਼ਬਾਨ ਦੀ ਸੰਘਣੀ ਛਾਂ ਦਾ ਪਸਾਰਾ ਹੋ ਜਾਏ।"

ਇਹ ਤਾਂ ਹੋਏ ਕੁੱਝ ਵਿਦਵਾਨਾਂ ਦੇ ਭਾਪਾ ਜੀ ਬਾਰੇ ਵਿਚਾਰ ਤੇ ਬਲਵੰਤ ਗਾਰਗੀ ਜੀ ਨੇ ਤਾਂ ਪ੍ਰੋ ਪ੍ਰੀਤਮ ਸਿੰਘ ਜੀ ਨੂੰ ਪੰਜਾਬੀ ਜ਼ਬਾਨ ਤੇ ਸੱਭਿਆਚਾਰ ਦੀ ਨਾਨਕਸ਼ਾਹੀ ਇੱਟ ਦਾ ਖ਼ਿਤਾਬ ਦਿੱਤਾ ਹੋਇਆ ਸੀ।

ਮੈਨੂੰ ਨਹੀਂ ਜਾਪਦਾ ਇਹ ਸਭ ਕੁੱਝ ਪੜ੍ਹ ਲੈਣ ਤੋਂ ਬਾਅਦ ਮੇਰੇ ਵਾਸਤੇ ਕੁੱਝ ਹੋਰ ਕਹਿਣ ਲਈ ਬਚਿਆ ਹੈ ਸਿਵਾਏ ਇਸਦੇ ਕਿ ਮੈਨੂੰ ਫ਼ਖ਼ਰ ਹੈ ਮੈਂ ਇਹੋ ਜਿਹੇ ਇਨਸਾਨ ਦੀ ਧੀ ਕਹਿਲਾਉਣ ਦਾ ਹੱਕ ਰਖਦੀ ਹਾਂ।

ਫੇਰ ਵੀ ਕੁੱਝ ਯਾਦਾਂ ਅਜਿਹੀਆਂ ਹਨ ਜਿਹੜੀਆਂ ਸਿਰਫ ਮੈਂ ਹੀ ਕਿਸੇ ਨਾਲ ਸਾਂਝੀਆਂ ਕਰ ਸਕਦੀ ਹਾਂ। ਜਦੋਂ ਉਹ ਮੈਨੂੰ ਪੰਜਾਬੀ ਜ਼ਬਾਨ ਵਿਚ ਲਿਖਣ ਲਈ ਪ੍ਰੇਰਦੇ ਹੁੰਦੇ ਸਨ ਤਾਂ ਮੈਂ ਆਨਾਕਾਨੀ ਕਰਦੇ ਹੋਏ ਇਕ ਵਾਰ ਕਹਿ ਦਿੱਤਾ, "ਮੈਂ ਤੁਹਾਡੇ ਵਾਂਗ ਫਾਕੇ ਨਹੀਂ ਕਟਣੇ। ਪੰਜਾਬੀ ਜ਼ਬਾਨ ਨੂੰ ਸਾਰੀ ਜ਼ਿੰਦਗੀ ਸਮਰਪਿਤ ਕਰਨ ਬਾਅਦ ਤੁਹਾਨੂੰ ਕੀ ਨਸੀਬ ਹੋਇਐ ? ਦੋ ਵੇਲੇ ਦੀ ਰੋਟੀ ਮਸਾਂ ਨਸੀਬ ਹੁੰਦੀ ਰਹੀ ਹੈ।"

ਇਸ ਉੱਤੇ ਉਨ੍ਹਾਂ ਦੇ ਚਿਹਰੇ ਉੱਤੇ ਡੂੰਘੀ ਚਿੰਤਾ ਦੀਆਂ ਰੇਖਾਵਾਂ ਉਭਰ ਆਈਆਂ ਤੇ ਕਹਿਣ ਲੱਗੇ, "ਆ ਬੱਚੀਏ, ਤੈਨੂੰ ਕੁੱਝ ਵਿਖਾਵਾਂ।"

ਘਰ ਅੰਦਰ ਅਲਮਾਰੀ ਖੋਲ੍ਹ ਕੇ ਉਨ੍ਹਾਂ ਢੇਰ ਸਾਰੇ ਇਨਾਮ ਸਨਮਾਨ ਵਿਖਾਏ ਤੇ ਕਹਿਣ ਲੱਗੇ, "ਇਹ ਸਭ ਖਰੀਦੇ ਜਾ ਸਕਦੇ ਹਨ ਤੇ ਵਕਤੀ ਸ਼ੁਹਰਤ ਦਾ ਹਿੱਸਾ ਹਨ। ਹੁਣ ਇਹ ਤਿੰਨ ਪੇਟੀਆਂ ਵੇਖ। ਇਨ੍ਹਾਂ ਵਿਚ ਚਿੱਠੀਆਂ ਹਨ। ਇਹ ਮੈਂ ਕਪੜਿਆਂ ਨਾਲੋਂ ਵਧ ਸਾਂਭ ਕੇ ਰੱਖੀਆਂ ਹਨ। ਗਹਿਣੇ, ਪੈਸੇ ਤਾਂ ਸਾਂਭਣ ਨੂੰ ਹਨ ਨਹੀਂ ਪਰ ਇਹ ਮੇਰੀ ਅਸਲੀ ਦੌਲਤ ਹਨ। ਪੈਸੇ, ਮਕਾਨ ਸਭ ਏਥੇ ਰਹਿ ਜਾਣੇ ਹਨ ਪਰ ਇਹ ਚਿੱਠੀਆਂ ਲਿਖਣ ਵਾਲਿਆਂ ਦੇ ਦਿਲਾਂ ਵਿਚ ਵਸਦਾ ਪਿਆਰ ਤੇ ਇੱਜ਼ਤ ਤੁਰ ਜਾਣ ਤੋਂ ਬਾਅਦ ਵੀ ਪੁਸ਼ਤ ਦਰ ਪੁਸ਼ਤ ਸਨਮਾਨ ਦਿਵਾਉਂਦੇ ਰਹਿੰਦੇ ਹਨ। ਜਿਸ ਦਿਨ ਮੈਂ ਤੁਰ ਗਿਆ, ਉਸ ਦਿਨ ਤੈਨੂੰ ਸਮਝ ਆਏਗੀ। ਜਦੋਂ ਮੇਰੇ ਬਾਅਦ ਮੇਰੇ ਸ਼ਾਗਿਰਦਾਂ ਕੋਲ ਗਈ ਤਾਂ ਉਹ ਤੇਰੇ ਲਈ ਅੱਖਾਂ ਵਿਛਾ ਦੇਣਗੇ।" ਓਦੋਂ ਮੈਨੂੰ ਇਸ ਗੱਲ ਦੀ ਗਹਿਰਾਈ ਦੀ ਸਮਝ ਨਹੀਂ ਸੀ ਆਈ ।

ਭਾਪਾ ਜੀ ਦੇ ਤੁਰ ਜਾਣ ਤੋਂ ਬਾਅਦ ਕੁੱਝ ਝੂਠੇ ਵਾਅਦਿਆਂ ਨੇ ਦਿਲ ਵੀ ਤੋੜਿਆ, ਜਿਸ ਵਿਚ ਪੰਜਾਬੀ ਯੂਨੀਵਰਸਿਟੀ ਵਿਚ ਭਾਪਾ ਜੀ ਦੇ ਨਾਂ ਦੀ ਫੈਲੋਸ਼ਿਪ ਸ਼ੁਰੂ ਹੋਣ ਦੇ ਦਾਅਵੇ ਵੀ ਕੀਤੇ ਗਏ ਤੇ ਅਖਬਾਰਾਂ ਵਿਚ ਖ਼ਬਰਾਂ ਵੀ ਛਪਵਾਈਆਂ ਗਈਆਂ। ਭਾਸ਼ਾ ਵਿਭਾਗ ਵਿਚ ਵੀ ਉਨ੍ਹਾਂ ਦੇ ਨਾਂ ਦਾ ਸਨਮਾਨ ਦੇਣ ਦਾ ਫੈਸਲਾ ਕਿਧਰੇ ਰੁਲ ਚੁੱਕਿਆ ਲਗਦਾ ਹੈ। ਪਰ ਜੋ ਭਾਪਾ ਜੀ ਨੇ ਕਿਹਾ ਸੀ ਕਿ ਉਨ੍ਹਾਂ ਦੇ ਤੁਰ ਜਾਣ ਬਾਅਦ ਵੀ ਉਨ੍ਹਾਂ ਦੇ ਸ਼ਾਗਿਰਦਾਂ ਵੱਲੋਂ ਹੋਏ ਮਾਨ ਸਨਮਾਨ ਦਾ ਰੰਗ ਵੇਖਾਂ, ਉਹ ਠਾਠਾਂ ਮਾਰਦਾ ਦਰਿਆ ਮੈਂ ਪੰਜਾਬ ਅੰਦਰ ਵੀ ਅਤੇ ਸੱਤ ਸਮੁੰਦਰ ਪਾਰ ਵੀ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਵੇਖ ਆਈ ਹਾਂ ਤੇ ਉਹ ਕਿਸੇ ਵੀ ਵੱਡੇ ਤੋਂ ਵੱਡੇ ਸਨਮਾਨ ਜਾਂ ਫੈਲੋਸ਼ਿਪ ਤੋਂ ਕਿਤੇ ਉੱਚਾ ਹੈ। ਉਨ੍ਹਾਂ ਦੇ ਸ਼ਾਗਿਰਦਾਂ ਨੇ ਪਲਕਾਂ ਵਿਛਾ ਦਿੱਤੀਆਂ ਤੇ ਮੈਨੂੰ ਧਰਤੀ ਉੱਤੇ ਪੈਰ ਹੀ ਨਹੀਂ ਧਰਨ ਦਿੱਤਾ ਤੇ ਮੇਰੀ ਮੁਸੀਬਤ ਵੇਲੇ ਢਾਲ ਬਣ ਕੇ ਖੜ੍ਹੇ ਹੋ ਗਏ।

ਜ਼ਿੰਦਗੀ ਭਰ ਕਦੇ ਭਾਪਾ ਜੀ ਕਿਸੇ ਸਨਮਾਨ ਦੇ ਪਿੱਛੇ ਨਹੀਂ ਭੱਜੇ ਬਲਕਿ ਉੱਚੇ ਤੋਂ ਉੱਚਾ ਸਨਮਾਨ ਆਪਣੇ ਆਪ ਉਨ੍ਹਾਂ ਦੀ ਝੋਲੀ ਪੈਂਦਾ ਰਿਹਾ ਹੈ ਤੇ ਉਨ੍ਹਾਂ ਦੀ ਭਵਿਖਬਾਣੀ ਵੀ ਸੱਚ ਹੋਈ ਕਿ ਉਨ੍ਹਾਂ ਅਨੇਕ ਬੋਹੜ ਹੋਰ ਪੈਦਾ ਕਰ ਦਿੱਤੇ ਅਤੇ ਮੇਰੇ ਵਰਗੀ ਉੱਕਾ ਹੀ ਨਿਮਾਣੀ ਤੇ ਕੱਚੇ ਘੜੇ ਨੂੰ ਵੀ ਪੰਜਾਬੀ ਜ਼ਬਾਨ ਦਾ ਝੰਡਾ ਫਹਿਰਾਉਣ ਦਾ ਵੱਲ ਸਿਖਾ ਦਿੱਤਾ।

ਉਹ ਕਹਿੰਦੇ ਹੁੰਦੇ ਸਨ ਕਿ ਜਦੋਂ ਤਕ ਵਾਲ ਸਿਰ ਉੱਤੇ ਹੈ ਤਾਂ ਅਸੀਂ ਬਣਾਉਂਦੇ ਸਵਾਰਦੇ ਰਹਿੰਦੇ ਹਾਂ ਪਰ ਜਦੋਂ ਉੱਥੋਂ ਟੁਟ ਜਾਏ ਤਾਂ ਆਪਣੇ ਹੀ ਸਰੀਰ ਦੇ ਕਿਸੇ ਅੰਗ ਉੱਤੇ ਪਿਆ ਹੋਇਆ ਵੀ ਫਟ ਬੇਲੋੜਾ ਅਤੇ ਗੰਦਾ ਸੋਚ ਕੇ ਪਰ੍ਹਾਂ ਸੁਟ ਦਿੰਦੇ ਹਾਂ। ਬਿਲਕੁਲ ਇਹੀ ਹਾਲ ਕੁਰਸੀ ਵਾਲਿਆਂ ਦਾ ਹੁੰਦਾ ਹੈ। ਇਸੇ ਲਈ ਕੁਰਸੀਆਂ ਪਿੱਛੇ ਜਾਂ ਕੁਰਸੀਆਂ ਵਾਲਿਆਂ ਪਿੱਛੇ ਪਾਗਲ ਹੋਣ ਦੀ ਲੋੜ ਨਹੀਂ ਹੁੰਦੀ। ਸਿਰਫ ਆਪਣੇ ਕੰਮ ਨੂੰ ਪੂਰੇ ਦਿਲ ਨਾਲ ਕਰਨਾ ਸਿੱਖੋ ਤੇ ਸਮਾਜ ਸੇਵਾ ਦਾ ਧਰਮ ਅਪਣਾਓ। ਸਿਰ ਝੁਕਾਉਣਾ ਹੈ ਤਾਂ ਕਿਸੇ ਇਨਸਾਨ ਅੱਗੇ ਨਹੀਂ, ਸਿਰਫ ਪ੍ਰਮਾਤਮਾ ਅੱਗੇ।

ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮਾਪਿਆਂ ਨੇ ਸਦਾ ਸਿਰ ਉੱਤੇ ਨਹੀਂ ਰਹਿਣਾ ਹੁੰਦਾ। ਉਨ੍ਹਾਂ ਦੀਆਂ ਸਿਖਿਆਵਾਂ ਮੈਂ ਹਿਕ ਨਾਲ ਲਾ ਕੇ ਰੱਖੀਆਂ ਹਨ ਪਰ ਫੇਰ ਵੀ ਇਕ ਹੂਕ ਜਿਹੀ ਉਠਦੀ ਹੈ। ਜਦੋਂ ਕੋਈ ਚੰਗਾ ਕੰਮ ਕਰ ਕੇ ਮੈਂ ਮੁੜਦੀ ਹੁੰਦੀ ਸੀ ਤਾਂ ਉਨ੍ਹਾਂ ਦੀਆਂ ਅੱਡੀਆਂ ਬਾਹਵਾਂ ਮੈਨੂੰ ਛਾਤੀ ਨਾਲ ਲਾ ਕੇ ਅਸੀਸ ਦੇਣ ਲਈ ਉਡੀਕਦੀਆਂ ਹੁੰਦੀਆਂ ਸਨ। ਹੁਣ ਤਸਵੀਰ ਨਾਲ ਹੀ ਸਾਰਨਾ ਪੈਂਦਾ ਹੈ।

ਮੈਨੂੰ ਪੂਰੀ ਸਮਝ ਹੈ ਹੁਣ ਮੈਨੂੰ ਕਦੇ ਕਿਸੇ ਨੇ ਨਹੀਂ ਕਹਿਣਾ, "ਹਰਸ਼ਾਂ ਬੱਲਿਆ ਤੂੰ ਫ਼ਖ਼ਰ ਨਾਲ ਮੇਰਾ ਸਿਰ ਹੋਰ ਉੱਚਾ ਕਰ ਦਿੱਤਾ।" ਹੁਣ ਮੈਂ ਆਪਣੇ ਮੱਥੇ ਉੱਤੇ ਉਹ ਪਿਆਰਾ ਚੁੰਮਣ ਤੇ ਅਸੀਸ ਭਰਿਆ ਹੱਥ ਵੇਖਣ ਲਈ ਹਰ ਵਾਰ ਅਸਮਾਨ ਵਲ ਹੀ ਤਕਦੀ ਹਾਂ ਜਾਂ ਉਨ੍ਹਾਂ ਦੀ ਤਸਵੀਰ ਹਿੱਕ ਨਾਲ ਲਾ ਕੇ ਹਲਕਾ ਜਿਹਾ ਰੋ ਲੈਂਦੀ ਹਾਂ। ਪਰ, ਉਨ੍ਹਾਂ ਦੀ ਤਸਵੀਰ ਅੱਗੇ ਰੱਖੀ ਕਲਮ ਮੈਂ ਨੇਮ ਨਾਲ ਰੋਜ਼ ਚੁਕਦੀ ਹਾਂ ਤੇ ਰਾਤ ਫੇਰ ਵਾਪਸ ਰਖ ਆਉਂਦੀ ਹਾਂ ਤਾਂ ਜੋ ਅਗਲੀ ਸਵੇਰ ਫੇਰ ਉਨ੍ਹਾਂ ਦੀ ਅਸੀਸ ਨਾਲ ਕਮਾਨ ਚੁਕ ਸਕਾਂ ਤੇ ਪੰਜਾਬੀ ਜ਼ਬਾਨ ਦੇ ਝੰਡਾ ਬਰਦਾਰ ਦੀ ਧੀ ਕਹਾਉਣ ਦਾ ਹਕ ਅਦਾ ਕਰ ਸਕਾਂ।

ਡਾ ਹਰਸ਼ਿੰਦਰ ਕੌਰ, ਐਮ ਡੀ ,
ਬੱਚਿਆਂ ਦੀ ਮਾਹਿਰ,
28, ਪ੍ਰੀਤ ਨਗਰ, ਲੋਅਰ ਮਾਲ,
ਪਟਿਆਲਾ।
ਫੋਨ ਨੰ 0175-2216783